ਅੰਮ੍ਰਿਤਪਾਲ ਦੀ ਅੰਤ੍ਰਿਮ ਜ਼ਮਾਨਤ ਪਟੀਸ਼ਨ 'ਤੇ ਪੰਜਾਬ ਸਰਕਾਰ ਤੋਂ ਜਵਾਬ ਤਲਬ

■ ਦਾਦੀ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਮੰਗੀ ਰਾਹਤ



ਅੰਮ੍ਰਿਤਸਰ, 12 ਨਵੰਬਰ (ਜਸ਼ਨ)-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਅੰਤ੍ਰਿਮ ਜ਼ਮਾਨਤ ਪਟੀਸ਼ਨ 'ਤੇ ਵੀਰਵਾਰ ਨੂੰ ਅੰਮ੍ਰਿਤਸਰ ਦੀ ਅਦਾਲਤ 'ਚ ਸੁਣਵਾਈ ਹੋਈ। ਵਧੀਕ ਸੈਸ਼ਨ ਜੱਜ ਮਹੇਸ਼ ਕੁਮਾਰ ਦੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਪਟੀਸ਼ਨ 'ਤੇ ਆਪਣਾ ਜਵਾਬ ਦਾਖ਼ਲ ਕਰਨ ਲਈ ਸ਼ੁੱਕਰਵਾਰ ਤੱਕ ਦਾ ਸਮਾਂ ਦਿੰਦੇ ਹੋਏ ਸੁਣਵਾਈ ਮੁਲਤਵੀ ਕਰ ਦਿੱਤੀ। ਹੁਣ ਸ਼ੁੱਕਰਵਾਰ ਨੂੰ ਸਰਕਾਰ ਦਾ ਪੱਖ ਸਾਹਮਣੇ ਆਉਣ ਤੋਂ ਬਾਅਦ ਅਦਾਲਤ 'ਚ ਪਟੀਸ਼ਨ 'ਤੇ ਅੱਗੇ ਬਹਿਸ ਹੋਵੇਗੀ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਫਿਲਹਾਲ ਆਸਾਮ ਦੀ ਡਿਬਰੂਗੜ੍ਹ ਜੇਲ 'ਚ ਬੰਦ ਹਨ।

ਅੰਮ੍ਰਿਤਪਾਲ ਸਿੰਘ ਦੇ ਵਕੀਲ ਕਰਮਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਦਾਦੀ ਮਾਤਾ ਚਰਨ ਕੌਰ ਦਾ ਦਿਹਾਂਤ ਹੋ ਗਿਆ ਹੈ। ਪਰਿਵਾਰਕ ਅਤੇ ਧਾਰਮਿਕ ਪਰੰਪਰਾਵਾਂ ਅਨੁਸਾਰ 14 ਨਵੰਬਰ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਣਾ ਹੈ। ਇਸ ਤੋਂ ਬਾਅਦ 15 ਨਵੰਬਰ ਨੂੰ ਅਸਥੀਆਂ ਦਾ ਜਲ ਪ੍ਰਵਾਹ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ, ਜਦਕਿ 17 ਨਵੰਬਰ ਨੂੰ ਭੋਗ ਅਤੇ ਅੰਤਿਮ ਅਰਦਾਸ ਦਾ ਆਯੋਜਨ ਕੀਤਾ ਜਾਵੇਗਾ।

ਵਕੀਲ ਅਨੁਸਾਰ ਇਨ੍ਹਾਂ ਪਰਿਵਾਰਕ ਅਤੇ ਧਾਰਮਿਕ ਸਮਾਗਮਾਂ 'ਚ ਸ਼ਾਮਲ ਹੋਣ ਲਈ ਅੰਮ੍ਰਿਤਪਾਲ ਸਿੰਘ, ਹਰਜੀਤ ਸਿੰਘ ਅਤੇ ਸੁਖਮਨਦੀਪ ਸਿੰਘ ਵੱਲੋਂ 14 ਤੋਂ 17 ਨਵੰਬਰ ਤੱਕ ਮਾਨਵੀ ਆਧਾਰ 'ਤੇ ਅੰਤ੍ਰਿਮ ਜ਼ਮਾਨਤ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਸਿਆਸੀ ਮਾਮਲਾ ਨਹੀਂ, ਸਗੋਂ ਪੂਰੀ ਤਰ੍ਹਾਂ ਪਰਿਵਾਰਕ ਅਤੇ ਮਾਨਵੀ ਸੰਵੇਦਨਾਵਾਂ ਨਾਲ ਜੁੜਿਆ ਵਿਸ਼ਾ ਹੈ। ਅਜਿਹੇ ਦੁੱਖ ਦੇ ਸਮੇਂ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਬੇਹੱਦ ਜ਼ਰੂਰੀ ਹੈ।

'ਆਪ' ਸਰਕਾਰ ਜਨਤਾ ਨੂੰ ਬਿਹਤਰ ਭਵਿੱਖ ਦੇਣ 'ਚ ਅਸਫਲ ਰਹੀ : ਸਚਿਨ ਪਾਇਲਟ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਚਿਨ ਪਾਇਲਟ।

ਜਲੰਧਰ, 12 ਨਵੰਬਰ (ਵਿਸ਼ੇਸ਼)-ਪੰਜਾਬ ਕਾਂਗਰਸ ਦੇ ਇੰਚਾਰਜ ਅਤੇ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਇਕ ਬਿਹਤਰ ਅਤੇ ਉੱਜਵਲ ਭਵਿੱਖ ਦੇਣ ਦਾ ਸੰਕਲਪ ਲਿਆ ਹੈ। ਪੰਜਾਬ ਨੂੰ ਨਸ਼ਿਆਂ ਦੀ ਸਮੱਸਿਆ ਤੋਂ ਬਚਾਉਣ ਲਈ ਪਾਰਟੀ ਸਾਈਕਲ ਯਾਤਰਾ ਕੱਢ ਰਹੀ ਹੈ। ਇਹ ਸਿਰਫ ਇਕ ਰਾਜਨੀਤਕ ਪ੍ਰੋਗਰਾਮ ਨਹੀਂ ਹੈ, ਸਗੋਂ ਪੰਜਾਬ ਦੇ ਲੋਕਾਂ ਨੂੰ ਦੁਬਾਰਾ ਸਹੀ ਰਸਤੇ 'ਤੇ ਲਿਆਉਣ ਅਤੇ ਸੂਬੇ ਦਾ ਭਵਿੱਖ ਸੁਰੱਖਿਅਤ ਕਰਨ ਦੀ ਇਕ ਗੰਭੀਰ ਪਹਿਲ ਹੈ।

ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ੇ ਦੀ ਸਮੱਸਿਆ ਨੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅਜਿਹੇ 'ਚ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖ ਕੇ ਉਨ੍ਹਾਂ ਨੂੰ ਸਿੱਖਿਆ, ਖੇਡਾਂ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੋੜਿਆ ਜਾਵੇ। ਉਨ੍ਹਾਂ ਉਮੀਦ ਪ੍ਰਗਟਾਈ ਕਿ ਕਾਂਗਰਸ ਦੀ ਇਹ ਮੁਹਿੰਮ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸੂਬੇ ਨੂੰ ਫਿਰ ਤੋਂ ਖੁਸ਼ਹਾਲੀ ਅਤੇ ਤਰੱਕੀ ਦੇ ਰਸਤੇ 'ਤੇ ਲਿਜਾਣ 'ਚ ਮਦਦਗਾਰ ਸਾਬਿਤ ਹੋਵੇਗੀ। ਸਚਿਨ ਪਾਇਲਟ ਨੇ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਦੇ ਲੋਕਾਂ ਦੇ ਭਵਿੱਖ ਨੂੰ ਲੈ ਕੇ ਗੰਭੀਰ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਪਾਰਟੀ ਜਲਦੀ ਹੀ ਪੰਜਾਬ ਨੂੰ ਦੁਬਾਰਾ ਵਿਕਾਸ ਦੀ ਪਟੜੀ 'ਤੇ ਲਿਆਉਣ 'ਚ ਸਫਲ ਹੋਵੇਗੀ।

ਪਾਇਲਟ ਨੇ ਕਿਹਾ ਕਿ 'ਆਪ' ਸਰਕਾਰ ਨੂੰ ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ 5 ਸਾਲ ਦਾ ਸਮਾਂ ਮਿਲਿਆ ਸੀ ਪਰ ਮੌਜੂਦਾ ਸਰਕਾਰ ਨੇ ਨਾ ਸਿਰਫ ਆਪਣਾ ਕੀਮਤੀ ਸਮਾਂ ਗਵਾਇਆ, ਸਗੋਂ ਪੰਜਾਬ ਦੇ ਬਹੁਮੁੱਲੇ ਪੰਜ ਸਾਲ ਵੀ ਬਰਬਾਦ ਕਰ ਦਿੱਤੇ। ਉਨ੍ਹਾਂ ਦਾਅਵਾ ਕੀਤਾ ਕਿ ਸਿਰਫ ਕਾਂਗਰਸ ਹੀ ਅਜਿਹੀ ਪਾਰਟੀ ਹੈ, ਜੋ ਪੰਜਾਬ ਨੂੰ ਮੌਜੂਦਾ ਹਾਲਾਤ 'ਚੋਂ ਬਾਹਰ ਕੱਢ ਕੇ ਦੁਬਾਰਾ ਵਿਕਾਸ ਦੀ ਪਟੜੀ 'ਤੇ ਲਿਜਾ ਸਕਦੀ ਹੈ।

'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਰਜਿਸਟ੍ਰੇਸ਼ਨ 'ਚ ਹੋ ਰਹੀ ਬੇਲੋੜੀ ਦੇਰੀ ਬਰਦਾਸ਼ਤਯੋਗ ਨਹੀਂ : ਇਆਲੀ



ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨੂੰ ਮੰਗ-ਪੱਤਰ ਸੌਂਪਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਨਾਲ ਸ਼ਿਵਚਰਨ ਸਿੰਘ ਭੰਗੂ, ਨਿਰਮੈਲ ਸਿੰਘ ਜੌਹਲਾਂ ਅਤੇ ਸੰਧੂ। (ਸੰਨੀ)

ਮੁੱਲਾਂਪੁਰ ਦਾਖਾ/ਚੰਡੀਗੜ੍ਹ, 12 ਨਵੰਬਰ (ਕਾਲੀਆ, ਅੰਕੁਰ)- 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਰਜਿਸਟ੍ਰੇਸ਼ਨ ਵਿਚ ਹੋ ਰਹੀ ਦੇਰੀ ਦਾ ਗੰਭੀਰ ਨੋਟਿਸ ਲੈਂਦਿਆਂ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨਾਲ ਅਹਿਮ ਮੁਲਾਕਾਤ ਕੀਤੀ। ਉਨ੍ਹਾਂ ਭਾਰਤ ਚੋਣ ਕਮਿਸ਼ਨ ਦੇ ਨਾਂ ਮੰਗ-ਪੱਤਰ ਸੌਂਪਦਿਆਂ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 29ਏ ਤਹਿਤ ਪਾਰਟੀ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਬਿਨਾਂ ਕਿਸੇ ਹੋਰ ਦੇਰੀ ਦੇ ਮੁਕੰਮਲ ਕਰਨ ਦੀ ਮੰਗ ਕੀਤੀ।

ਵਿਧਾਇਕ ਇਆਲੀ ਨੇ ਦੱਸਿਆ ਕਿ ਪਾਰਟੀ ਵਲੋਂ 22 ਜਨਵਰੀ 2025 ਨੂੰ ਰਜਿਸਟ੍ਰੇਸ਼ਨ ਲਈ ਅਰਜ਼ੀ ਦਿੱਤੀ ਗਈ ਸੀ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਲੋਂ 27 ਅਪ੍ਰੈਲ 2026 ਨੂੰ ਸਕਾਰਾਤਮਕ ਤਸਦੀਕ ਰਿਪੋਰਟ ਵੀ ਕਮਿਸ਼ਨ ਨੂੰ ਭੇਜੀ ਜਾ ਚੁੱਕੀ ਹੈ। ਇਸ ਦੇ ਬਾਵਜੂਦ ਅਖ਼ਬਾਰਾਂ ਵਿਚ ਜਨਤਕ ਨੋਟਿਸ ਪ੍ਰਕਾਸ਼ਿਤ ਕਰਨ ਦੇ ਨਿਰਦੇਸ਼ ਜਾਰੀ ਨਹੀਂ ਕੀਤੇ ਗਏ ਉਨ੍ਹਾਂ ਹੈਰਾਨੀ ਜਤਾਈ ਕਿ ਜਨਤਕ ਨੋਟਿਸ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ 9 ਜੁਲਾਈ 2026 ਨੂੰ ਇਕ ਇਤਰਾਜ਼ ਪ੍ਰਾਪਤ ਹੋਣ ਦੀ ਗੱਲ ਕਹੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟੀਕਰਨ ਮੰਗਿਆ ਕਿ ਨਿਯਮਾਂ ਅਨੁਸਾਰ ਇਤਰਾਜ਼ ਨੋਟਿਸ ਪ੍ਰਕਾਸ਼ਿਤ ਹੋਣ ਤੋਂ ਬਾਅਦ ਮੰਗੇ ਜਾਂਦੇ ਹਨ, ਫਿਰ ਪਹਿਲਾਂ ਆਏ ਇਤਰਾਜ਼ ਨੂੰ ਪ੍ਰਕਿਰਿਆ ਰੋਕਣ ਦਾ ਆਧਾਰ ਕਿਵੇਂ ਬਣਾਇਆ ਗਿਆ ?

ਇਆਲੀ ਨੇ ਕਿਹਾ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਰਜਿਸਟ੍ਰੇਸ਼ਨ 'ਚ ਦੇਰੀ ਸਦਕਾ ਪਾਰਟੀ ਨੂੰ ਚੋਣ ਨਿਸ਼ਾਨ ਹਾਸਲ ਕਰਨ ਅਤੇ ਚੋਣ ਤਿਆਰੀਆਂ ਵਿਚ ਮੁਸ਼ਕਲਾਂ ਆ ਰਹੀਆਂ ਹਨ, ਇਸ ਲਈ ਕਮਿਸ਼ਨ ਇਸ ਮਾਮਲੇ ਨੂੰ ਸਮਾਂਬੱਧ ਢੰਗ ਨਾਲ ਹੱਲ ਕਰੇ। ਇਸ ਮੌਕੇ ਕਾਬਲ ਸਿੰਘ, ਸ਼ਿਵਚਰਨ ਸਿੰਘ ਭੰਗੂ, ਕੁਲਦੀਪ ਸਿੰਘ ਸਗਸੀਨੀ, ਨਿਰਮੈਲ ਸਿੰਘ ਜੌਹਲਾਂ, ਜਸ਼ਨਦੀਪ ਸਿੰਘ ਸੰਧੂ ਅਤੇ ਐਡਵੋਕੇਟ ਗੁਰਪ੍ਰੀਤ ਸਿੰਘ ਸੰਧੂ ਹਾਜ਼ਰ ਸਨ।

7 ਦਸੰਬਰ ਦੇ ਚੰਡੀਗੜ੍ਹ ਮੋਰਚੇ ਲਈ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਲਾਮਬੰਦੀ ਸ਼ੁਰੂ

ਚੰਡੀਗੜ੍ਹ, 12 ਨਵੰਬਰ (ਅੰਕੁਰ)- 7 ਦਸੰਬਰ ਨੂੰ ਚੰਡੀਗੜ੍ਹ ਵਿਖੇ ਲੱਗਣ ਵਾਲੇ ਮੋਰਚੇ ਦੀ ਤਿਆਰੀ ਲਈ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਜ਼ਿਲਾ ਅੰਮ੍ਰਿਤਸਰ 'ਚ ਜ਼ੋਨ ਪੱਧਰੀ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤਹਿਤ ਵੱਖ-ਵੱਖ ਜ਼ੋਨਾਂ 'ਚ ਹੋਈਆਂ ਮੀਟਿੰਗਾਂ ਦੌਰਾਨ ਮੋਰਚੇ ਦੀਆਂ ਮੰਗਾਂ ਅਤੇ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਆਗੂ ਸਰਵਣ ਸਿੰਘ ਪੰਧੇਰ ਨੇ ਕਿਸਾਨਾਂ-ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ, ਘੱਟ ਪਾਣੀ ਵਾਲੀਆਂ ਪੰਜ ਫ਼ਸਲਾਂ ਦੀ ਐੱਮ.ਐੱਸ.ਪੀ. 'ਤੇ ਖਰੀਦ ਦੀ ਗਾਰੰਟੀ, ਨਸ਼ਾ ਮਾਫ਼ੀਆ ਖ਼ਿਲਾਫ਼ ਕਾਰਵਾਈ, ਲੈਂਡ ਪੂਲਿੰਗ ਨੀਤੀ ਵਾਪਸ ਲੈਣ ਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ। ਉਨ੍ਹਾਂ ਬਿਜਲੀ ਬੋਰਡ ਦੇ ਨਿੱਜੀਕਰਨ, ਸਮਾਰਟ ਮੀਟਰਾਂ ਤੇ ਬੀਜ ਐਕਟ ਦਾ ਵੀ ਵਿਰੋਧ ਕੀਤਾ।

ਪੰਧੇਰ ਨੇ ਵਰਕਰਾਂ ਨੂੰ ਪਿੰਡਾਂ 'ਚ ਘਰ-ਘਰ ਜਾ ਕੇ ਲੋਕਾਂ ਨੂੰ ਮੋਰਚੇ 'ਚ ਸ਼ਾਮਲ ਹੋਣ ਲਈ ਲਾਮਬੰਦ ਕਰਨ ਤੇ ਹਰ ਪਿੰਡ 'ਚੋਂ ਇਕ ਲੱਖ ਰੁਪਏ ਫੰਡ ਇਕੱਠਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਸਾਨਾਂ ਨੂੰ 7 ਦਸੰਬਰ ਦੇ ਮੋਰਚੇ ਲਈ ਟਰੈਕਟਰ-ਟਰਾਲੀਆਂ ਤਿਆਰ ਰੱਖਣ ਦੀ ਅਪੀਲ ਵੀ ਕੀਤੀ।

SBI ਸਟੇਟ ਬੈਂਕ ਆਫ ਇੰਡੀਆ

ਸਟ੍ਰੈਸਡ ਐਸੇਟਸ ਮੈਨੇਜਮੈਂਟ ਬ੍ਰਾਂਚ, ਐੱਸ. ਸੀ. ਓ. 99-107, ਪਹਿਲੀ ਮੰਜ਼ਿਲ, ਸੈਕਟਰ-8ਸੀ, ਮੱਧਿਆ ਮਾਰਗ, ਚੰਡੀਗੜ੍ਹ-160018

ਕੋਰੀਜੈਂਡਮ

ਮਿਤੀ 16.11.2026 ਨੂੰ ਹੋਣ ਵਾਲੀ ਈ-ਨਿਲਾਮੀ ਸਬੰਧੀ 09.10.2026 ਨੂੰ ਅਖ਼ਬਾਰਾਂ 'ਇੰਡੀਅਨ ਐਕਸਪ੍ਰੈੱਸ' (ਅੰਗਰੇਜ਼ੀ) ਤੇ 'ਜਗ ਬਾਣੀ' (ਪੰਜਾਬੀ) ਵਿਚ ਪ੍ਰਕਾਸ਼ਿਤ ਕੀਤੇ ਗਏ ਸਾਡੇ ਇਸ਼ਤਿਹਾਰ ਦੇ ਸੰਦਰਭ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਖਾਤਾ ਮੈਸਰਜ਼ ਡਿਊਰੇਥਲ ਟਰਾਂਸਫਾਰਮਰਜ਼ ਪ੍ਰਾਈਵੇਟ ਲਿਮਟਿਡ ਨਾਲ ਸਬੰਧਤ ਜਾਇਦਾਦਾਂ, ਜਿਨ੍ਹਾਂ ਦੀਆਂ ਪ੍ਰਾਪਰਟੀ ਆਈ. ਡੀਜ਼ SBIN400011537413 ਤੇ SBIN400011549656 ਹਨ, ਨੂੰ ਉਕਤ ਈ-ਨਿਲਾਮੀ ਵਿਕਰੀ ਨੋਟਿਸ ਵਿਚੋਂ ਵਾਪਸ ਲੈ ਲਿਆ/ਰੱਦ ਕਰ ਦਿੱਤਾ ਗਿਆ ਹੈ। ਅਧਿਕਾਰਤ ਅਫ਼ਸਰ

ਦਫ਼ਤਰ ਰਿਕਵਰੀ ਅਫ਼ਸਰ-II

ਡੈਬਟਸ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ. ਆਰ. ਟੀ. 1)

ਦੂਜੀ ਮੰਜ਼ਿਲ, ਐੱਸ. ਸੀ. ਓ. 33-34-35, ਸੈਕਟਰ 17-ਏ, ਚੰਡੀਗੜ੍ਹ

ਡਿਮਾਂਡ ਨੋਟਿਸ

ਰਿਕਵਰੀ ਆਫ ਡੈਬਟਸ ਐਂਡ ਬੈਂਕਰਪਟਸੀ ਐਕਟ, 1993 ਦੇ ਸੈਕਸ਼ਨ 25 ਤੋਂ 28 ਅਤੇ ਇਨਕਮ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦੇ ਰੂਲ-2 ਤਹਿਤ ਨੋਟਿਸ

RC/2549/2018 30.10.2026

ਬੈਂਕ ਆਫ ਬੜੌਦਾ ਬਨਾਮ ਮੈਸਰਜ਼ ਪਰਮੰਤ ਐਂਟਰਪ੍ਰਾਈਜ਼ਿਜ਼

ਟੂ,

(ਸੀ. ਡੀ. 1) ਮੈਸਰਜ਼ ਪਰਮੰਤ ਐਂਟਰਪ੍ਰਾਈਜ਼ਿਜ਼, 29-30, ਰਾਮ ਬਾਗ, ਬੁਲੰਦ ਰੋਡ, ਗੁਰ ਸ਼ਾਲਾ ਦੇ ਸਾਹਮਣੇ, ਜਲੰਧਰ।

(ਸੀ. ਡੀ. 2) ਸ਼੍ਰੀ ਪਰਮੰਤ ਸਿੰਘ ਪੁੱਤਰ ਸ਼੍ਰੀ ਬਲਬੀਰ ਸਿੰਘ, 29-30, ਰਾਮ ਬਾਗ, ਬੁਲੰਦ ਰੋਡ, ਗੁਰ ਸ਼ਾਲਾ ਦੇ ਸਾਹਮਣੇ, ਜਲੰਧਰ।

ਇਸ ਤੋਂ ਇਲਾਵਾ ਦੂਜਾ ਪਤਾ : ਮਕਾਨ ਨੰਬਰ 144, ਨਿਊ ਗੋਬਿੰਦ ਨਗਰ, ਇਡਸਟਰੀਅਲ ਏਰੀਆ ਦੇ ਨੇੜੇ, ਵਾਰਡ ਨੰਬਰ 15, ਜਲੰਧਰ।

(ਸੀ. ਡੀ. 3) ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਰਣਜੀਤ ਸਿੰਘ, ਵਾਸੀ 572, ਪ੍ਰੀਤ ਨਗਰ, ਜਲੰਧਰ।

ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫ਼ਸਰ, ਡੈਬਟਸ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ. ਆਰ. ਟੀ. 1) ਵੱਲੋਂ OA/1454/2017 'ਚ ਪਾਸ ਕੀਤੇ ਗਏ ਆਰਡਰਜ਼ ਦੀ ਪੈਰਵੀ 'ਚ ਜਾਰੀ ਰਿਕਵਰੀ ਸਰਟੀਫਿਕੇਟ ਅਨੁਸਾਰ 01.11.2012 ਤੋਂ ਵਸੂਲੀ ਤਕ ਮਹੀਨਾਵਾਰ ਵਿਆਜ ਦੇ ਨਾਲ 15.75% ਸਾਲਾਨਾ ਦੀ ਦਰ 'ਤੇ ਪੈਂਡੈਂਟੇਲਾਈਟ ਵਿਆਜ ਤੇ ਭਵਿੱਖ ਦੇ ਵਿਆਜ ਦੇ ਨਾਲ 26,000 ਰੁ. (ਸਿਰਫ ਛੱਬੀ ਹਜ਼ਾਰ ਰੁਪਏ) ਦੇ ਖਰਚਿਆਂ ਸਮੇਤ 23,73,074 ਰੁ. (ਸਿਰਫ ਤੇਈ ਲੱਖ ਤਿਹੱਤਰ ਹਜ਼ਾਰ ਚੁਹੱਤਰ ਰੁਪਏ) ਦੀ ਰਕਮ ਤੁਹਾਡੇ ਵਲੋਂ (ਸਾਂਝੇ ਤੌਰ 'ਤੇ ਅਤੇ ਵੱਖ-ਵੱਖ ਤੌਰ 'ਤੇ/ਪੂਰਨ ਤੌਰ 'ਤੇ/ਸੀਮਿਤ ਤੌਰ 'ਤੇ) ਦੇਣਯੋਗ ਹੈ।

2. ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨੋਟਿਸ ਦੀ ਪ੍ਰਾਪਤੀ ਦੇ 15 ਦਿਨਾਂ ਅੰਦਰ ਉਪਰੋਕਤ ਰਕਮ ਦਾ ਭੁਗਤਾਨ ਕਰ ਦਿੱਤਾ ਜਾਵੇ। ਭੁਗਤਾਨ ਨਾ ਹੋਣ 'ਤੇ ਵਸੂਲੀ ਰਿਕਵਰੀ ਆਫ ਡੈਬਟਸ ਡਿਊ ਟੂ ਬੈਂਕਸ ਐਂਡ ਫਾਇਨਾਂਸ਼ੀਅਲ ਇੰਸਟੀਚਿਊਸ਼ਨਜ਼ ਐਕਟ, 1993 ਅਤੇ ਇਸ ਅਧੀਨ ਰੂਲਜ਼ ਅਨੁਸਾਰ ਕੀਤੀ ਜਾਵੇਗੀ।

3. ਤੁਹਾਨੂੰ ਆਰਡਰ ਕੀਤਾ ਜਾਂਦਾ ਹੈ ਕਿ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਐਲਾਨ ਇਕ ਐਫੀਡੇਵਿਟ 'ਤੇ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਕਰੋ।

4. ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਕਾਰਵਾਈ ਲਈ ਨਿਮਨਹਸਤਾਖਰੀ ਕੋਲ 16.01.2027 ਨੂੰ ਸਵੇਰੇ 10.30 ਵਜੇ ਪੇਸ਼ ਹੋਵੋ।

5. ਉੱਪਰ ਦੱਸੀ ਰਕਮ ਤੋਂ ਇਲਾਵਾ ਤੁਸੀਂ ਇਨ੍ਹਾਂ ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੋਵੋਗੇ :

(ਏ) ਸਰਟੀਫਿਕੇਟ/ਐਗਜ਼ੀਕਿਊਸ਼ਨ ਦੀਆਂ ਕਾਰਵਾਈਆਂ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਲਈ ਭੁਗਤਾਨਯੋਗ ਵਿਆਜ।

(ਬੀ) ਇਸ ਨੋਟਿਸ ਦੀ ਸਰਵਿਸ ਸਬੰਧੀ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਜਾਰੀ ਕੀਤੇ ਗਏ ਵਾਰੰਟਾਂ, ਹੋਰ ਪ੍ਰਕਿਰਿਆਵਾਂ ਤੇ ਹੋਰ ਸਾਰੀਆਂ ਕਾਰਵਾਈਆਂ ਦੇ ਮਾਮਲੇ 'ਚ ਲੱਗੀਆਂ ਸਾਰੀਆਂ ਲਾਗਤਾਂ, ਚਾਰਜਿਜ਼ ਤੇ ਖਰਚੇ।

ਮਿਤੀ 30.10.2026 ਨੂੰ ਮੇਰੇ ਹਸਤਾਖਰ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ ਜਾਰੀ।

ਰਿਕਵਰੀ ਅਫ਼ਸਰ-2,
ਡੈਬਟਸ ਰਿਕਵਰੀ ਟ੍ਰਿਬਿਊਨਲ, ਚੰਡੀਗੜ੍ਹ (ਡੀ. ਆਰ. ਟੀ. 1)

punjab national bank ...the name you can Bank upon

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ-ਪਠਾਨਕੋਟ, ਸੈਲੀ ਰੋਡ, ਨੇੜੇ ਕਮਲ ਸਵੀਟਸ, ਪਠਾਨਕੋਟ, ਪੰਜਾਬ-145001 (ਫੋਨ ਨੰ. 9115554320), ਈ-ਮੇਲ : cs829500@pnb.bank.in

ਅਚੱਲ ਜਾਇਦਾਦਾਂ ਦੇ ਲਏ ਗਏ ਕਬਜ਼ੇ ਦਾ ਪਬਲਿਕ ਨੋਟਿਸ

ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਓਰ